Australian Government

Department of Health and Aged Care

[ਪੱਤਰ ਭੇਜਣ ਵਾਲੇ ਦਾ ਨਾਮ]
[ਪੱਤਰ ਭੇਜਣ ਵਾਲੇ ਦੀ ਗਲੀ]
[ਪੱਤਰ ਭੇਜਣ ਵਾਲੇ ਦਾ ਸ਼ਹਿਰ] [ਪੱਤਰ ਭੇਜਣ ਵਾਲੇ ਦਾ ਰਾਜ] [ਪਿੰਨ ਕੋਡ]

XX ਅਪ੍ਰੈਲ 2025

ਪਿਆਰੇ XX,

**ਨਵੇਂ Support at Home ਪ੍ਰੋਗਰਾਮ ਲਈ ਤਿਆਰੀ ਕਰਨਾ**

ਮੈਂ ਤੁਹਾਨੂੰ ਇਹ ਪੱਤਰ ਇਸ ਲਈ ਲਿਖ ਰਹੀ/ਲਿਖ ਰਿਹਾ ਹਾਂ ਕਿਉਂਕਿ ਤੁਸੀਂ ਇਸ ਵੇਲੇ Home Care Package [ਹੋਮ ਕੇਅਰ ਪੈਕੇਜ] ਰਾਹੀਂ ਬਜ਼ੁਰਗ ਦੇਖਭਾਲ ਸੇਵਾਵਾਂ ਲੈ ਰਹੇ ਹੋ, ਜਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਅਧਿਕਾਰਤ ਨੁਮਾਇੰਦੇ ਹੋ ਜੋ ਇਹ ਸੇਵਾਵਾਂ ਲੈ ਰਿਹਾ ਹੈ।

ਆਸਟ੍ਰੇਲੀਆਈ ਸਰਕਾਰ ਘਰ ਵਿੱਚ ਬਜ਼ੁਰਗ ਦੇਖਭਾਲ ਸੇਵਾ ਵਿੱਚ ਬਦਲਾਅ ਕਰ ਰਹੀ ਹੈ। 1 ਜੁਲਾਈ 2025 ਤੋਂ ਤੁਸੀਂ Support at Home [ਸਪੋਰਟ ਐਟ ਹੋਮ] ਨਾਮ ਦੇ ਨਵੇਂ ਪ੍ਰੋਗਰਾਮ ਵਿੱਚ ਸ਼ਾਮਲ ਹੋ ਜਾਵੋਗੇ, ਜੋ ਤੁਹਾਨੂੰ ਆਪਣੇ ਘਰ ਅਤੇ ਭਾਈਚਾਰੇ ਵਿੱਚ ਵਧੇਰੇ ਸਮੇਂ ਲਈ ਆਤਮ-ਨਿਰਭਰ ਰਹਿਣ ਵਿੱਚ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

**Support at Home ਬਾਰੇ**

Support at Home ਤੁਹਾਨੂੰ ਸੇਵਾਵਾਂ, ਉਤਪਾਦਾਂ, ਉਪਕਰਨਾਂ ਅਤੇ ਘਰ ਵਿੱਚ ਬਦਲਾਅ ਕਰਨ ਦੀ ਪਹੁੰਚ ਦੇਵੇਗਾ, ਤਾਂ ਜੋ ਤੁਸੀਂ ਸਿਹਤਮੰਦ, ਸਰਗਰਮ ਅਤੇ ਸਮਾਜਿਕ ਤੌਰ 'ਤੇ ਜੁੜੇ ਰਹੋ — ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਮੌਜੂਦਾ Home Care Packages ਪ੍ਰੋਗਰਾਮ ਵਿੱਚ ਹੁੰਦਾ ਹੈ। ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਤੁਹਾਡੇ ਮੁਲਾਂਕਣ, ਮੰਨਜ਼ੂਰੀ ਅਤੇ ਬਜਟ ਦੇ ਆਧਾਰ 'ਤੇ ਹੋਣਗੀਆਂ। ਜੇਕਰ ਕੋਈ ਸੇਵਾ Support at Home ਸੇਵਾ ਸੂਚੀ 'ਚ ਦਰਜ ਹੈ, ਤਾਂ ਤੁਸੀਂ ਉਹੀ ਸੇਵਾਵਾਂ ਲੈਣਾ ਜਾਰੀ ਰੱਖ ਸਕਦੇ ਹੋ। ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਤੁਹਾਡੀਆਂ ਲੋੜਾਂ ਅਤੇ ਬਜਟ ਅਨੁਸਾਰ ਸਹੀ ਸੇਵਾਵਾਂ ਚੁਣਨ ਵਿੱਚ ਸਹਾਇਤਾ ਕਰਨਾ ਜਾਰੀ ਰੱਖੇਗਾ।

Support at Home ਤੁਹਾਨੂੰ ਕੁੱਝ ਨਵੇਂ ਫੰਡਿੰਗ ਮਾਰਗਾਂ ਤੱਕ ਵੀ ਪਹੁੰਚ ਦਿੰਦਾ ਹੈ:

- ਅਰੋਗਤਾ ਦੇਖਭਾਲ ਮਾਰਗ, 8 ਹਫ਼ਤਿਆਂ ਦੀ ਦੇਖਭਾਲ ਫੰਡਿੰਗ ਨੂੰ 12 ਹਫ਼ਤਿਆਂ ਤੱਕ ਵਧਾਏਗਾ, ਜੋ ਕਿ ਅਲਾਈਡ ਹੈਲਥ ਸੇਵਾ ਰਾਹੀਂ ਤੁਹਾਡੀ ਤਾਕਤ ਅਤੇ ਸਮਰੱਥਾਵਾਂ ਨੂੰ ਵਿਕਸਤ ਕਰਨ 'ਤੇ ਕੇਂਦਰਿਤ ਹੋਵੇਗੀ।
- ਜੀਵਨ-ਅੰਤ ਸੇਵਾ ਮਾਰਗ, ਤਾਂ ਜੋ ਉਹ ਲੋਕ ਜੋ ਆਪਣੇ ਜੀਵਨ ਦੇ ਆਖਰੀ ਦਿਨਾਂ ਵਿੱਚ ਹਨ, ਉਨ੍ਹਾਂ ਨੂੰ ਆਖਰੀ ਮਹੀਨਿਆਂ ਵਿੱਚ ਵਧੀਆ ਪੱਧਰ ਦੀ ਦੇਖਭਾਲ ਉਪਲਬਧ ਹੋ ਸਕੇ।
- ਸਹਾਇਕ ਤਕਨਾਲੋਜੀ ਅਤੇ ਘਰ ਵਿੱਚ ਤਬਦੀਲੀ ਕਰਨ ਲਈ ਵੱਖਰੀ ਫੰਡਿੰਗ ਦਿੱਤੀ ਜਾਵੇਗੀ, ਤਾਂ ਜੋ ਤੁਹਾਨੂੰ ਇਹਨਾਂ ਸੇਵਾਵਾਂ ਦਾ ਭੁਗਤਾਨ ਕਰਨ ਲਈ ਆਪਣੇ ਆਮ ਘਰੇਲੂ ਦੇਖਭਾਲ ਬਜਟ ਦੀ ਵਰਤੋਂ ਨਾ ਕਰਨੀ ਪਵੇ।

ਤੁਸੀਂ ਆਪਣੇ ਮੌਜੂਦਾ Home Care Package ਦੇ ਅਧੀਨ ਜਿੰਨੀ ਰਕਮ ਹੁਣ ਲੈ ਰਹੇ ਹੋ, ਉਹੀ ਫੰਡਿੰਗ ਪੱਧਰ Support at Home ਦੇ ਤਹਿਤ ਵੀ ਜਾਰੀ ਰਹੇਗੀ। Support at Home ਦੇ ਤਹਿਤ, ਤੁਹਾਡਾ ਸਾਲਾਨਾ ਬਜਟ **ਤਿਮਾਹੀ** ਅਨੁਸਾਰ ਪ੍ਰਬੰਧਿਤ ਕੀਤਾ ਜਾਵੇਗਾ। ਤੁਹਾਡੇ ਕੋਲ ਜੋ ਵੀ ਅਣ-ਵਰਤੀ ਰਕਮ ਹੁਣ ਮੌਜੂਦ ਹੈ, ਉਹ ਅਜੇ ਵੀ ਤੁਹਾਡੇ ਲਈ ਉਪਲਬਧ ਰਹੇਗੀ। ਜੇਕਰ ਤੁਸੀਂ ਆਪਣੇ ਤਿਮਾਹੀ ਬਜਟ ਦੀ ਪੂਰੀ ਵਰਤੋਂ ਨਹੀਂ ਕਰਦੇ, ਤਾਂ ਤੁਸੀਂ ਅਗਲੀ ਤਿਮਾਹੀ ਵਿੱਚ ਵੱਧ ਤੋਂ ਵੱਧ $1,000 ਜਾਂ ਉਸ ਬਜਟ ਦਾ 10% (ਜੋ ਵੀ ਵੱਧ ਹੋਵੇ) ਲੈ ਕੇ ਜਾ ਸਕਦੇ ਹੋ।

## ਅਗਲੇ ਕਦਮ

1 ਜੁਲਾਈ 2025 ਤੋਂ ਪਹਿਲਾਂ, ਤੁਹਾਡਾ ਸੇਵਾ ਪ੍ਰਦਾਤਾ ਤੁਹਾਡੇ ਨਾਲ ਸੰਪਰਕ ਕਰੇਗਾ, ਤਾਂ ਜੋ ਤੁਹਾਡੀ ਦੇਖਭਾਲ ਯੋਜਨਾ ਦੀ ਸਮੀਖਿਆ ਕੀਤੀ ਜਾ ਸਕੇ, ਤੁਹਾਨੂੰ ਉਨ੍ਹਾਂ ਦੀਆਂ ਨਵੀਆਂ ਕੀਮਤਾਂ ਬਾਰੇ ਸੂਚਿਤ ਕੀਤਾ ਜਾ ਸਕੇ, ਅਤੇ ਨਵਾਂ ਸੇਵਾ ਸਮਝੌਤਾ ਤਿਆਰ ਕੀਤਾ ਜਾ ਸਕੇ, ਤਾਂ ਜੋ Support at Home ਪ੍ਰੋਗਰਾਮ ਦੇ ਤਹਿਤ ਸੇਵਾਵਾਂ ਜਾਰੀ ਰਹਿਣ। ਇਹ ਇੱਕ ਮਹੱਤਵਪੂਰਨ ਗੱਲਬਾਤ ਹੈ, ਅਤੇ ਤੁਹਾਨੂੰ ਇਸਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕਰਨੀ ਚਾਹੀਦੀ ਹੈ ਕਿ ਤੁਹਾਨੂੰ ਉਹ ਸੇਵਾਵਾਂ ਪ੍ਰਾਪਤ ਹੋਣ ਜੋ ਤੁਹਾਨੂੰ ਸਭ ਤੋਂ ਵਧੀਆ ਸਹਾਇਤਾ ਦਿੰਦੀਆਂ ਹਨ।

ਸਰਕਾਰ ਨੇ ਇਹ ਯਕੀਨੀ ਬਣਾਉਣ ਲਈ ਸੁਰੱਖਿਆ ਨਿਯਮ ਲਾਗੂ ਕੀਤੇ ਹਨ ਕਿ ਉਹ ਕੀਮਤਾਂ ਵਾਜਬ ਅਤੇ ਪਾਰਦਰਸ਼ੀ ਹੋਣ। Support at Home ਦੇ ਤਹਿਤ ਇਨ੍ਹਾਂ ਕੀਮਤਾਂ ਅਤੇ ਸੁਰੱਖਿਆ ਨਿਯਮਾਂ ਬਾਰੇ ਹੋਰ ਜਾਣਕਾਰੀ ਲਈ ਤੁਸੀਂ ਇਹ ਲਿੰਕ ਵੇਖ ਸਕਦੇ ਹੋ:https://www.health.gov.au/news/new-support-at-home-pricing-guidance

Services Australia ਤੁਹਾਨੂੰ ਇਹ ਦੱਸਣ ਲਈ ਪੱਤਰ ਲਿਖੇਗੀ ਕਿ ਤੁਹਾਨੂੰ ਆਪਣੀਆਂ ਸੇਵਾਵਾਂ ਦੀ ਲਾਗਤ ਲਈ ਕਿੰਨਾ ਸਹਿ-ਯੋਗਦਾਨ ਦੇਣਾ ਪੈ ਸਕਦਾ ਹੈ। Services Australia ਅਜਿਹਾ ਕਰਨ ਲਈ ਤੁਹਾਡੀ ਆਮਦਨ ਅਤੇ ਸੰਪਤੀ ਦੀ ਜਾਣਕਾਰੀ ਮੰਗ ਸਕਦਾ ਹੈ।

ਅਸੀਂ ਇਸ ਪੱਤਰ ਦੇ ਨਾਲ ਇੱਕ ਚੈੱਕਲਿਸਟ ਸ਼ਾਮਲ ਕੀਤੀ ਹੈ, ਜੋ ਤੁਹਾਡੀ Support at Home ਲਈ ਤਿਆਰੀ ਕਰਨ ਵਿੱਚ ਮੱਦਦ ਕਰੇਗੀ।

**ਜੇਕਰ ਮੇਰੇ ਕੋਈ ਸਵਾਲ ਹੋਣ ਤਾਂ ਮੈਂ ਕਿੱਥੇ ਜਾਵਾਂ?**

ਜੇਕਰ ਤੁਸੀਂ Support at Home ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ myagedcare.gov.au/improving-australias-aged-care-system 'ਤੇ ਜਾਓ।

ਤੁਸੀਂ ਇਨ੍ਹਾਂ ਨਾਲ ਵੀ ਸੰਪਰਕ ਕਰ ਸਕਦੇ ਹੋ:

- ਆਪਣੇ Home Care Package ਪ੍ਰਦਾਤਾ ਨਾਲ
- ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਲਈ ਅਤੇ ਆਪਣੇ ਪ੍ਰਦਾਤਾ ਨਾਲ ਗੱਲ ਕਰਨ ਲਈ ਸਹਾਇਤਾ ਦੀ ਬੇਨਤੀ ਕਰਨ ਲਈ Older Persons Advocacy Network (OPAN) [ਬਜ਼ੁਰਗ ਵਿਅਕਤੀਆਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਨੈੱਟਵਰਕ],ਦੀ ਬਜ਼ੁਰਗ ਦੇਖਭਾਲ ਸਲਾਹਕਾਰ ਲਾਈਨ 1800 700 600 'ਤੇ। www.opan.org.au 'ਤੇ ਜਾਓ।

ਆਸਟ੍ਰੇਲੀਆਈ ਸਰਕਾਰ ਤੁਹਾਨੂੰ 1 ਜੁਲਾਈ 2025 ਦੇ ਨੇੜੇ ਹੋਰ ਲੋੜੀਂਦੀ ਜਾਣਕਾਰੀ ਦੇਣ ਲਈ ਫਿਰ ਤੋਂ ਲਿਖੇਗੀ।

ਸਤਿਕਾਰ ਸਹਿਤ,

Sonja Stewart
ਡਿਪਟੀ ਸਕੱਤਰ
ਅਪ੍ਰੈਲ 2025